Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਦੀ ਇਬਾਦਤਿ ਇਲਾਹੀ ਦਾ ਦਿਲ ਨਸ਼ੀਨ ਅਤੇ ਇਮਾਨ ਅਫ਼ਰੋਜ਼ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 13 ਫ਼ਰਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ ‘ਤੇ ਸਭ ਤੋਂ ਜ਼ਿਆਦਾ ਚੱਲਣ ਦੇ ਨਜ਼ਾਰੇ ਸਾਨੂੰ ਇਸ ਜ਼ਮਾਨੇ ਵਿੱਚ ਆਪ ﷺ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ ਵਿੱਚ ਨਜ਼ਰ ਆਉਂਦੇ ਹਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਬਾਦਤ ਅਤੇ ਇਸ ਹਵਾਲੇ ਨਾਲ਼ ਨਸੀਹਤਾਂ ਵਗ਼ੈਰਾ ਪਿਛਲੇ ਖ਼ੁਤਬੇ ਵਿੱਚ ਬਿਆਨ ਕੀਤੀਆਂ ਗਈਆਂ ਸਨ।

ਅੱਜ ਮੈਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀਆਂ ਇਬਾਦਤਾਂ ਦੇ ਉਹ **ਵਾਕ਼ਿਆਤ** ਪੇਸ਼ ਕਰਾਂਗਾ ਜਿਹੜੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪੈਰਵੀ ਵਿੱਚ ਸਾਨੂੰ ਨਜ਼ਰ ਆਉਂਦੇ ਹਨ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਹਜ਼ਰਤ ਮਿਰਜ਼ਾ ਮੁਹੰਮਦ ਦੀਨ ਸਾਹਿਬ ਨੇ ਉਨ੍ਹਾਂ ਨੂੰ ਲਿਖ ਕੇ ਭੇਜਿਆ ਕਿ ਮੈਂ ਆਪਣੇ ਬਚਪਨ ਤੋਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਦੇਖਦਾ ਆਇਆ ਹਾਂ। ਸਭ ਤੋਂ ਪਹਿਲਾਂ ਮੈਂ ਆਪ ਅਲੈਹਿੱਸ੍ ਸਲਾਮ ਨੂੰ ਹਜ਼ਰਤ ਗ਼ੁਲਾਮ ਮੁਰਤਜ਼ਾ ਸਾਹਿਬ ਦੀ ਜ਼ਿੰਦਗੀ ਵਿੱਚ ਦੇਖਿਆ ਸੀ ਜਦ ਕਿ ਮੈਂ ਬਿਲਕੁਲ ਬੱਚਾ ਸੀ। ਆਪ ਅਲੈਹਿੱਸ੍ ਸਲਾਮ ਦੀ ਆਦਤ ਸੀ ਕਿ ਰਾਤ ਇਸ਼ਾਅ ਦੇ ਬਾਅਦ ਛੇਤੀ ਸੌਂ ਜਾਂਦੇ ਅਤੇ ਰਾਤ ਦੇ ਇੱਕ ਵਜੇ ਦੇ ਕ਼ਰੀਬ **ਤਹੱਜੁਦ** ਦੇ ਲਈ ਉੱਠ ਜਾਂਦੇ। ਤਹੱਜੁਦ ਪੜ੍ਹ ਕੇ ਤਿਲਾਵਤ ਕਰਦੇ ਰਹਿੰਦੇ। ਜਦ ਸਵੇਰ ਦੀ ਅਜ਼ਾਨ ਹੁੰਦੀ ਤਾਂ ਨਮਾਜ਼ ਦੇ ਲਈ ਮਸਜਿਦ ਵਿੱਚ ਜਾਂਦੇ ਅਤੇ ਬਾ-ਜਮਾਅਤ ਨਮਾਜ਼ ਪੜ੍ਹਦੇ। ਕਦੀ ਨਮਾਜ਼ ਆਪ ਪੜ੍ਹਾਉਂਦੇ ਕਦੀ ਮੀਆਂ ਜਾਨ ਮੁਹੰਮਦ ਇਮਾਮ ਮਸਜਿਦ ਜਮਾਅਤ ਕਰਵਾਉਂਦੇ। ਮੈਂ ਆਪ ਅਲੈਹਿੱਸ੍ ਸਲਾਮ ਨੂੰ ਮਸਜਿਦ ਵਿੱਚ ਸੁੰਨਤ ਨਮਾਜ਼ ਪੜ੍ਹਦੇ ਨਹੀਂ ਦੇਖਿਆ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਕਦੀ ਮੁਸ਼ਕਿਲ ਰਿਆਜ਼ਤ ਵੀ ਨਹੀਂ ਕੀਤੀ ਅਤੇ ਨਾ ਕਦੀ ਗਾਲੀਆ ਜ਼ਮਾਨੇ ਦੇ ਕੁੱਝ ਸੂਫ਼ੀਆਂ ਦੀ ਤਰ੍ਹਾਂ ਸ਼ਦੀਦ **ਮੁਜਾਹਿਦੇ** ਵਿੱਚ ਆਪਣੀ ਜਾਨ ਨੂੰ ਪਾਇਆ। ਨਾ ਇੱਕਾਂਤ ਦੇ ਪ੍ਰਬੰਧ ਨਾਲ਼ ਕਦੀ ਚਿੱਲਾ ਕਸ਼ੀ ਕੀਤੀ ਨਾ ਕਦੀ ਸੁੰਨਤ ਦੇ ਖ਼ਿਲਾਫ਼ ਕੋਈ **ਬ੍ਰਹਮਚਾਰਜ** ਦਾ ਅਮਲ ਕੀਤਾ ਜਿਸ ‘ਤੇ ਖ਼ੁਦਾ ਤਆਲਾ ਦੇ ਕਲਾਮ ਨੂੰ ਐਤਰਾਜ਼ ਹੋਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਆਪਣੇ ਵਾਲਿਦ ਸਾਹਿਬ ਦੀ ਵਫ਼ਾਤ ਦੇ ਜ਼ਮਾਨੇ ਦੇ ਨਜ਼ਦੀਕ ਆਪਣੀ **ਰਿਆਜ਼ਤ** ਦਾ ਇੱਕ ਵਾਕ਼ਿਆ ਤਫ਼ਸੀਲ ਨਾਲ਼ ਬਿਆਨ ਫ਼ਰਮਾਇਆ ਜਿਸ ਵਿੱਚ ਆਪ ਅਲੈਹਿੱਸ੍ ਸਲਾਮ ਨੇ ਇੱਕ ਬਜ਼ੁਰਗ ਨੂੰ ਖ਼ਾਬ ਵਿੱਚ ਦੇਖਿਆ ਜਿਨ੍ਹਾਂ ਨੇ ਇਹ ਜ਼ਿਕਰ ਕੀਤਾ ਕਿ ਕਿਸੇ ਕ਼ਦਰ ਰੋਜ਼ੇ ਆਸਮਾਨੀ ਨੂਰ ਦੀ ਪੇਸ਼ਵਾਈ ਦੇ ਲਈ ਰੱਖਣਾ ਨਬੀਆਂ ਦੇ ਖ਼ਾਨਦਾਨ ਦੀ ਸੁੰਨਤ ਹੈ। ਹਜ਼ੂਰ ਅਲੈਹਿੱਸ੍ ਸਲਾਮ

ਫ਼ਰਮਾਉਂਦੇ ਹਨ ਕਿ ਸੋ ਮੈਂ ਕੁੱਝ ਮੁੱਦਤ ਤੱਕ ਰੋਜ਼ੇ ਰੱਖਣ ਨੂੰ ਮੁਨਾਸਿਬ ਸਮਝਿਆ ਅਤੇ ਨਾਲ਼ ਹੀ ਇਸ ਖ਼ਿਆਲ ਨਾਲ਼ ਕਿ ਇਸ ਗੱਲ ਨੂੰ ਖ਼ੁਫ਼ਿਆ ਤੌਰ 'ਤੇ ਕਰਾਂ, ਬਿਹਤਰ ਹੈ, ਆਪ ਅਲੈਹਿੱਸ੍ ਸਲਾਮ ਨੇ ਇਹ ਤਰੀਕ਼ਾ ਇਖ਼ਤਿਆਰ ਕੀਤਾ ਕਿ ਘਰੋਂ ਮਰਦਾਨਾ ਬੈਠਕ ਵਿੱਚ ਖਾਣਾ ਮੰਗਵਾਉਂਦੇ ਅਤੇ ਕੁੱਝ **ਯਤੀਮ** ਬੱਚਿਆਂ ਵਿੱਚ ਵੰਡ ਦਿੰਦੇ। ਹਜ਼ੂਰ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਖ਼ੁਦਾ ਤਆਲਾ ਦੇ ਇਲਾਵਾ ਕਿਸੇ ਨੂੰ ਇਨ੍ਹਾਂ ਰੋਜ਼ਿਆਂ ਦੀ ਖ਼ਬਰ ਨਹੀਂ ਸੀ। ਫਿਰ ਦੋ ਤਿੰਨ ਹਫ਼ਤਿਆਂ ਦੇ ਬਾਅਦ ਆਪ ਅਲੈਹਿੱਸ੍ ਸਲਾਮ ਨੇ ਆਪਣਾ ਆਹਾਰ ਹੋਰ ਘੱਟ ਕੀਤਾ ਅਤੇ ਸਾਰਾ ਦਿਨ ਵਿੱਚ ਸਿਰਫ਼ ਇੱਕ ਰੋਟੀ ਤੱਕ ਆਹਾਰ ਨੂੰ ਲੈ ਆਏ। ਫਿਰ ਆਹਾਰ ਨੂੰ ਹੋਰ ਘੱਟ ਕਰਦੇ ਕਰਦੇ ਇਥੋਂ ਤੱਕ ਲੈ ਆਏ ਕਿ ਦੋ ਤਿੰਨ ਮਹੀਨੇ ਦਾ ਬੱਚਾ ਵੀ ਉਸ 'ਤੇ ਸਬਰ ਨਹੀਂ ਕਰ ਸਕਦਾ। ਆਪ ਅਲੈਹਿੱਸ੍ ਸਲਾਮ ਨੇ ਅੱਠ ਨੌਂ ਮਹੀਨੇ ਤੱਕ ਇਸ ਤਰ੍ਹਾਂ ਰੋਜ਼ੇ ਰੱਖੇ।

ਉਸ ਵਕ਼ਤ ਰੋਜ਼ੇ ਦਿਆਂ **ਚਮਤਕਾਰਾਂ** ਵਿੱਚੋਂ ਆਪ ਅਲੈਹਿੱਸ੍ ਸਲਾਮ ਦੇ ਤਜਰਬੇ ਵਿੱਚ ਬਹੁਤ ਸਾਰੀਆਂ ਗੱਲਾਂ ਆਈਆਂ। ਆਪ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਬਹੁਤ ਸਾਰੇ **ਨਬੀਆਂ** ਅਤੇ **ਵਲੀਆਂ** ਦੀਆਂ ਮੁਲਾਕ਼ਾਤਾਂ ਇਨ੍ਹਾਂ ਰੋਜ਼ਿਆਂ ਦੇ ਨਤੀਜੇ ਵਿੱਚ ਹੋਈਆਂ। ਫ਼ਰਮਾਇਆ ਕਿ ਇੱਕ ਵਾਰ ਐਨ ਜਾਗਣ ਦੀ ਹਾਲਤ ਵਿੱਚ ਮੈਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਹਜ਼ਰਤ ਹਸਨ ਅਤੇ ਹਜ਼ਰਤ ਹੁਸੈਨ ਅਤੇ ਹਜ਼ਰਤ ਅਲੀ ਅਤੇ ਹਜ਼ਰਤ ਫ਼ਾਤਿਮਾ ਰਿਜ਼ਵਾਨੁੱਲਾਹਿ ਅਲਈਹਿਮ੍ ਅਜ੍ਮਈਨ ਦੇ ਨਾਲ਼ ਦੇਖਿਆ ਅਤੇ ਇਹ ਖ਼ਾਬ ਨਹੀਂ ਸੀ ਬਲਕਿ ਜਾਗਣ ਦੀ ਇੱਕ ਕ਼ਿਸਮ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇੱਕ ਰਿਵਾਇਤ ਵਿੱਚ ਮਜ਼ਕੂਰ ਹੈ ਕਿ ਹਜ਼ੂਰ ਅਲੈਹਿੱਸ੍ ਸਲਾਮ ਇੱਕ ਵਾਰ ਕੋਠੇ ਤੋਂ ਡਿੱਗ ਪਏ। ਜਦ ਹੋਸ਼ ਆਇਆ ਤਾਂ ਪੁੱਛਿਆ ਕਿ ਨਮਾਜ਼ ਦਾ ਵੇਲ਼ਾ ਹੋਇਆ ਕਿ ਨਹੀਂ? ਯਾਨੀ ਐਨੀ ਨਮਾਜ਼ ਨਾਲ਼ ਮੁਹੱਬਤ ਸੀ। 1895 ਈ: ਵਿੱਚ ਹਜ਼ਰਤ ਮੀਰ ਮੁਹੰਮਦ ਇਸਮਾਈਲ ਸਾਹਿਬ ਨੂੰ ਰਮਜ਼ਾਨ ਦਾ ਮਹੀਨਾ ਕਾਦੀਆਂ ਵਿੱਚ ਗੁਜ਼ਾਰਨ ਦਾ ਇੱਤਿਫ਼ਾਕ਼ ਹੋਇਆ ਤਾਂ ਉਨ੍ਹਾਂ ਨੇ ਸਾਰਾ ਮਹੀਨਾ ਨਮਾਜ਼ਿ ਤਹੱਜੁਦ ਯਾਨੀ **ਤਰਾਵੀਹ** ਦੀ ਨਮਾਜ਼ ਹਜ਼ੂਰ ਅਲੈਹਿੱਸ੍ ਸਲਾਮ ਦੇ ਪਿੱਛੇ ਅਦਾ ਕੀਤੀ। ਉਹ ਬਿਆਨ ਕਰਦੇ ਹਨ ਕਿ ਹਜ਼ੂਰ ਵਿਤਰ ਦੀ ਨਮਾਜ਼ ਰਾਤ ਦੇ ਪਹਿਲੇ ਹਿੱਸੇ ਵਿੱਚ ਪੜ੍ਹ ਲੈਂਦੇ ਅਤੇ **ਤਰਾਵੀਹ** ਦੀ ਨਮਾਜ਼ ਦੋ ਦੋ ਰਕਅਤਾਂ ਰਾਤ ਦੇ ਆਖ਼ਰੀ ਹਿੱਸੇ ਵਿੱਚ ਅਦਾ ਕਰਦੇ।

ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਹਜ਼ਰਤ ਅੰਮਾ ਜਾਨ ਰਜ਼ਿ ਅੱਲਾਹੁ ਅਨਹਾ ਤੋਂ ਰਿਵਾਇਤ ਕਰਦੇ ਹਨ ਕਿ ਹਜ਼ੂਰ ਅਲੈਹਿੱਸ੍ ਸਲਾਮ ਪੰਜ ਨਮਾਜ਼ਾਂ ਦੇ ਇਲਾਵਾ ਦੋ ਤਰ੍ਹਾਂ ਦੇ ਨਫ਼ਲ ਪੜ੍ਹਿਆ ਕਰਦੇ ਸਨ। ਇੱਕ ਨਮਾਜ਼ਿ ਇਸ਼ਰਾਕ਼ ਜਿਹੜੀ ਆਪ ਅਲੈਹਿੱਸ੍ ਸਲਾਮ ਕਦੀ ਕਦੀ ਪੜ੍ਹਿਆ ਕਰਦੇ ਸਨ ਦੂਸਰੀ ਨਮਾਜ਼ਿ ਤਹੱਜੁਦ ਅੱਠ ਰਕਅਤਾਂ ਜਿਹੜੀਆਂ ਆਪ ਅਲੈਹਿੱਸ੍ ਸਲਾਮ ਹਮੇਸ਼ਾ ਪੜ੍ਹਿਆ ਕਰਦੇ ਸਨ, ਸਿਵਾਏ ਇਸ ਦੇ ਕਿ ਆਪ ਅਲੈਹਿੱਸ੍ ਸਲਾਮ ਜ਼ਿਆਦਾ ਬਿਮਾਰ ਹੁੰਦੇ। ਪਰ ਅਜਿਹੇ ਵਿੱਚ ਵੀ ਆਪ ਅਲੈਹਿੱਸ੍ ਸਲਾਮ ਬਿਸਤਰੇ 'ਤੇ ਲੰਮੇ ਪਏ ਹੋਏ ਹੀ ਦੁਆ ਮੰਗ ਲੈਂਦੇ। ਆਖ਼ਰੀ ਉਮਰ ਵਿੱਚ ਕਮਜ਼ੋਰੀ ਦੀ ਵਜ੍ਹਾ ਨਾਲ਼ ਬੈਠ ਕੇ ਦੁਆ ਕਰਿਆ ਕਰਦੇ ਸਨ।

ਹਜ਼ਰਤ ਮੌਲਵੀ ਯਅਕੂਬ ਅਲੀ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਆਪ ਅਲੈਹਿੱਸ੍ ਸਲਾਮ **ਮੁਕ਼ੱਦਮਿਆਂ** ਦੀ ਪੈਰਵੀ ਲਈ ਜਾਂਦੇ ਤਾਂ ਸਿਰਫ਼ ਵਾਲਿਦ ਸਾਹਿਬ ਦੇ ਇਰਸ਼ਾਦ ਦੀ ਪੈਰਵੀ ਵਿੱਚ। ਉੱਥੇ ਆਪ ਅਲੈਹਿੱਸ੍ ਸਲਾਮ ਇਸ ਗੱਲ ਦਾ ਖ਼ਿਆਲ ਰੱਖਦੇ ਕਿ ਕੋਈ ਨਮਾਜ਼ ਕ਼ਜ਼ਾ ਨਾ ਹੋਵੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਆਵਾਜ਼ ਵਿੱਚ ਬਹੁਤ **ਸੋਜ਼** ਅਤੇ **ਦਰਦ** ਸੀ। ਆਪ ਅਲੈਹਿੱਸ੍ ਸਲਾਮ ਦੀ ਕ਼ਿਰਅਤ ਲਹਿਰਦਾਰ ਹੁੰਦੀ ਸੀ। ਆਪ ਅਲੈਹਿੱਸ੍ ਸਲਾਮ ਨੂੰ ਕ਼ੁਰਆਨ ਕਰੀਮ ਅਤੇ ਸੁੰਨਤਿ ਰਸੂਲ ﷺ ਨਾਲ਼ ਇਸ਼ਕ਼ ਸੀ। ਆਪ ਅਲੈਹਿੱਸ੍ ਸਲਾਮ ਦੀਆਂ ਇਬਾਦਤਾਂ ਕਦੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪੈਰਵੀ ਤੋਂ ਵੱਧ ਨਾ ਹੁੰਦੀਆਂ ਸਨ। ਨਮਾਜ਼ ਦੇ ਇਲਾਵਾ ਆਪ ਅਲੈਹਿੱਸ੍ ਸਲਾਮ ਦਾ ਵਜ਼ੀਫ਼ਾ ਕ਼ੁਰਆਨ ਕਰੀਮ ਦੀ ਤਿਲਾਵਤ, ਦਰੂਦ ਸ਼ਰੀਫ਼ ਅਤੇ ਅਸਤਗ਼ਫ਼ਾਰ ਸੀ। ਕ਼ੁਰਆਨ ਨਾਲ਼ ਤਾਂ ਆਪ ਅਲੈਹਿੱਸ੍ ਸਲਾਮ ਨੂੰ ਇਸ਼ਕ਼ ਸੀ। ਦਿਨ ਰਾਤ ਉੱਠਦੇ ਬੈਠਦੇ ਅਤੇ ਟਹਿਲਦੇ ਹੋਏ ਕ਼ੁਰਆਨ ਪੜ੍ਹਿਆ ਕਰਦੇ ਅਤੇ ਜ਼ਾਰ ਜ਼ਾਰ ਰੋਂਦੇ ਜਾਂਦੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਜਦ ਨਮਾਜ਼ ਦੇ ਲਈ ਮਸਜਿਦ ਨਾ ਜਾ ਸਕਦੇ ਤਾਂ ਘਰ ਵਿੱਚ ਹੀ ਜਮਾਅਤ ਕਰਵਾ ਲਿਆ ਕਰਦੇ ਅਤੇ ਅਜਿਹੇ ਮੌਕ਼ੇ 'ਤੇ ਅਕਸਰ ਸਾਡੀ ਵਾਲਦਾ ਨੂੰ ਨਾਲ਼ ਮਿਲਾ ਲੈਂਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਸਾਹਬ ਆਪ ਅਲੈਹਿੱਸ੍ ਸਲਾਮ ਦੇ ਬਚਪਨ ਦੇ ਬਾਰੇ ਰਿਵਾਇਤ ਕਰਦੇ ਹਨ ਕਿ ਹਜ਼ੂਰ ਅਲੈਹਿੱਸ੍ ਸਲਾਮ ਆਪਣੀ ਹਮ ਉਮਰ ਲੜਕੀ ਜਿਸ ਨਾਲ਼ ਆਪ ਅਲੈਹਿੱਸ੍ ਸਲਾਮ ਦੀ ਬਾਅਦ ਵਿੱਚ ਸ਼ਾਦੀ ਵੀ ਹੋ ਗਈ, ਉਸ ਨੂੰ ਦੁਆ ਦੇ ਲਈ ਕਹਿੰਦੇ ਕਿ **ਨਾ-ਮੁਰਾਦੇ** ਦੁਆ ਕਰ ਕਿ ਖ਼ੁਦਾ ਮੇਰੇ ਨਸੀਬ ਨਮਾਜ਼ ਕਰੇ। ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਬਹੁਤ ਬਚਪਨ ਤੋਂ ਹੀ ਆਪ ਅਲੈਹਿੱਸ੍ ਸਲਾਮ ਦੇ ਜਜ਼ਬਾਤ ਨਿਹਾਇਤ ਪਾਕ ਸਨ।

ਹਜ਼ੂਰ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਬਚਪਨ ਤੋਂ ਰੋਜ਼ੇ ਰੱਖਣ ਦਾ ਆਦੀ ਹਾਂ। ਮੈਂ ਬਚਪਨ ਵਿੱਚ 29 ਰੋਜ਼ੇ ਪੂਰੇ ਰੱਖੇ ਤਾਂ ਉਸ ਦਿਨ ਮੇਰੀ ਖ਼ੁਸ਼ੀ ਦੀ ਈਦ ਸੀ। ਰੋਜ਼ੇ ਦੀਆਂ ਖ਼ਾਸ ਬਰਕਤਾਂ ਹੁੰਦੀਆਂ ਹਨ। ਜਿਵੇਂ ਹਰ ਮੇਵੇ ਦਾ ਵੱਖ ਸਵਾਦ ਹੈ ਇਸੇ ਤਰ੍ਹਾਂ ਹਰ ਇਬਾਦਤ ਵਿੱਚ ਵੱਖ ਲੱਜ਼ਤ ਹੈ। ਇਨ੍ਹਾਂ ਇਬਾਦਤਾਂ ਵਿੱਚ **ਰੂਹਾਨੀਅਤ** ਹੈ ਜਿਸ ਨੂੰ ਇਨਸਾਨ ਬਿਆਨ ਨਹੀਂ ਕਰ ਸਕਦਾ। ਚਾਹੀਦਾ ਹੈ ਕਿ ਇਬਾਦਤ ਵਿੱਚ ਇਨਸਾਨ ਦੀ ਰੂਹ ਨਿਹਾਇਤ ਦਰਜਾ ਸੂਖਮ ਹੋ ਕੇ ਪਾਣੀ ਦੀ ਤਰ੍ਹਾਂ ਵਹਿ ਕੇ ਖ਼ੁਦਾ ਨਾਲ਼ ਜਾ ਮਿਲੇ।

ਹਜ਼ਰਤ ਪੀਰ ਸਿਰਾਜੁਲ੍ ਹੱਕ਼ ਨੁਅਮਾਨੀ ਰਜ਼ਿ ਅੱਲਾਹੁ ਅਨਹੁ ਮੀਆਂ ਜਾਨ ਮੁਹੰਮਦ ਮਰਹੂਮ ਦੀ ਨਮਾਜ਼ਿ ਜਨਾਜ਼ਾ ਦੇ ਬਾਰੇ ਰਿਵਾਇਤ ਕਰਦੇ ਹਨ ਕਿ ਹਜ਼ੂਰ ਅਲੈਹਿੱਸ੍ ਸਲਾਮ ਨੂੰ ਮਰਹੂਮ ਨਾਲ਼ ਬੇ-ਇਨਤਿਹਾ ਮੁਹੱਬਤ ਸੀ। ਹਜ਼ੂਰ ਅਲੈਹਿੱਸ੍ ਸਲਾਮ ਨੇ ਆਪ ਨਮਾਜ਼ਿ ਜਨਾਜ਼ਾ ਪੜ੍ਹਾਈ ਅਤੇ ਨਮਾਜ਼ ਵਿੱਚ ਇੰਨੀ ਦੇਰ ਲੱਗੀ ਕਿ ਮੁਕ਼ਤਦੀਆਂ ਦੇ ਖੜੇ ਖੜੇ ਪੈਰ ਦੁਖਣ ਲੱਗੇ। ਮੇਰਾ ਤਾਂ ਖੜੇ ਖੜੇ ਹਾਲ ਵਿਗੜ ਗਿਆ। ਜਦ ਜਨਾਜ਼ ਦੀ ਅਦਾਇਗੀ ਤੋਂ ਵਾਪਿਸ ਆਏ ਤਾਂ ਕਿਸੇ ਨੇ ਅਰਜ਼ ਕੀਤਾ ਕਿ ਹਜ਼ੂਰ ਇੰਨੀ ਦੇਰ ਅੱਜ ਨਮਾਜ਼ ਵਿੱਚ ਲੱਗੀ ਕਿ ਅਸੀਂ ਤਾਂ ਥੱਕ ਗਏ। ਆਪ ਅਲੈਹਿੱਸ੍ ਸਲਾਮ ਦਾ ਵੀ ਕੀ ਹਾਲ ਹੋਇਆ ਹੋਵੇਗਾ। ਹਜ਼ੂਰ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਸਾਨੂੰ ਥੱਕਣ ਨਾਲ਼ ਕੀ ਤਅੱਲੁਕ਼? ਅਸੀਂ ਤਆਲਾ ਤਆਲਾ ਤੋਂ ਦੁਆਵਾਂ ਕਰਦੇ ਸਾਂ ਉਸ ਕੋਲੋਂ ਇਸ ਮਰਹੂਮ ਦੇ ਲਈ ਮਗ਼ਫ਼ਿਰਤ ਮੰਗਦੇ ਸਾਂ। ਮੰਗਣ ਵਾਲ਼ਾ ਵੀ ਕਦੀ ਥੱਕਿਆ ਕਰਦਾ ਹੈ? ਜਿਹੜਾ ਥੱਕ ਜਾਂਦਾ ਹੈ ਉਹ ਰਹਿ ਜਾਂਦਾ ਹੈ। ਅਸੀਂ ਮੰਗਣ ਵਾਲ਼ੇ ਹਾਂ ਅਤੇ ਉਹ ਦੇਣ ਵਾਲ਼ਾ ਫਿਰ ਥਕਣਾ ਕੈਸਾ? ਜਿਸ ਕੋਲੋਂ ਥੋੜੀ ਜਿਹੀ ਵੀ ਉਮੀਦ ਹੁੰਦੀ ਹੈ ਉੱਥੇ ਮੰਗਣ ਵਾਲ਼ਾ ਡੱਟ ਜਾਂਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਲਾਹ ਤਆਲਾ ਸਾਨੂੰ ਵੀ ਇਸ ਸੋਚ ਦੇ ਨਾਲ਼ ਨਮਾਜ਼ਾਂ ਅਦਾ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ। ਅਸੀਂ ਤਾਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਬੈਅਤ ਇਸ ਸ਼ਰਤ ਦੇ ਨਾਲ਼ ਕੀਤੀ ਹੈ ਕਿ ਨਮਾਜ਼ਾਂ ਖ਼ੁਦਾ ਅਤੇ ਉਸਦੇ ਰਸੂਲ ﷺ ਦੇ ਹੁਕਮ ਦੇ ਮੁਤਾਬਿਕ਼ ਅਦਾ ਕਰਾਂਗੇ। ਅੱਲਾਹ ਤਆਲਾ ਦੇ ਅਹਿਸਾਨਾਂ ਨੂੰ ਯਾਦ ਕਰਕੇ ਉਸਦੀ ਹਮਦ ਕਰਦੇ ਹੋਏ ਨਮਾਜ਼ਾਂ ਅਦਾ ਕਰਾਂਗੇ। ਅੱਲਾਹ ਤਆਲਾ ਸਾਨੂੰ ਇਸ ਵਾਅਦੇ ਨੂੰ ਨਿਭਾਉਣ ਦੀ ਤੌਫ਼ੀਕ਼ ਅਤਾ ਫ਼ਰਮਾਵੇ।

ਖ਼ੁਤਬੇ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਦੋ ਮਰੂਮਾਂ ਦਾ **ਜ਼ਿਕਰਿ ਖ਼ੈਰ** ਫ਼ਰਮਾਇਆ ਅਤੇ ਉਨ੍ਹਾਂ ਦੀ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਉਨ੍ਹਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ **ਬੁਲੰਦੀ** ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهُ وَنَسْتَعِيْنُهُ وَنَسْتَغْفِرُهُ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞
عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞